# ਮਿਤੀ 27.4.2015 ਨੂੰ ਹੋਈ ਐਮ.ਪੀ.ਲੈਡਜ ਸਬੰਧੀ ਰੀਵਿਊ ਮੀਟਿੰਗ ਦੇ ਮਿਨਟਸ

ਮਿਤੀ 27.4.2015 ਨੂੰ ਚੰਡੀਗੜ੍ਹ ਵਿਖੇ ਵਧੀਕ ਸਕੱਤਰ, ਯੋਜਨਾਬੰਦੀ ਜੀ ਦੀ ਪ੍ਰਧਾਨਗੀ ਹੇਠ ਐਮ.ਪੀ.ਲੈਡਜ ਸਬੰਧੀ ਰੀਵਿਊ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਆਰਥਿਕ ਸਲਾਹਕਾਰ, ਸਮੂਹ ਡਾਇਰੈਕਟਰ/ਮੀਤ ਡਾਇਰੈਕਟਰ, ਸਮੂਹ ਜਿਲ੍ਹਾ ਅੰਕੜਾ ਦਫਤਰਾਂ ਦੇ ਅਧਿਕਾਰੀਆ ਅਤੇ ਕਰਮਚਾਰੀਆਂ ਵਲੋਂ ਭਾਗ ਲਿਆ ਗਿਆ। ਮੀਟਿੰਗ ਵਿੱਚ ਭਾਗ ਲੈਣ ਬਾਰੇ ਅਧਿਕਾਰੀਆਂ/ ਕਰਮਚਾਰੀਆਂ ਦੀ ਲਿਸਟ ਅਨੁੱਲਗ ' ੳ ' ਤੇ ਹੈ । ਇਸ ਰੀਵਿਊ ਮੀਟਿੰਗ ਦੇ ਮਿਨਟਸ ਹੇਠ ਲਿਖੇ ਅਨੁਸਾਰ ਹਨ ।

## ਆਈਟਮ ਨੰ:1 ਐਮ.ਪੀ.ਲੈਡਜ

ਆਰਥਿਕ ਸਲਾਹਕਾਰ ਨੇ ਸਮੂਹ ਅਫ਼ਸਰਾਂ ਨੂੰ ਦੱਸਿਆ ਕਿ ਮੁੱਖ ਸਕੱਤਰ ਵੱਲੋਂ ਮਿਤੀ 07-04-2015 ਨੂੰ ਐਮ.ਪੀ.ਲੈਡਜ਼ ਸਬੰਧੀ ਸਮੂਹ ਡਿਪਟੀ ਕਮਿਸ਼ਨਰਾਂ ਨਾਲ ਵੀਡੀਓ ਕਾਨਫਰੰਸ ਕੀਤੀ ਗਈ ਸੀ ਜੋ ਦੁਬਾਰਾ ਮਈ ਦੇ ਦੂਜੇ ਹਫ਼ਤੇ ਵਿੱਚ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਮੁੱਖ ਸਕੱਤਰ ਜੀ ਵੱਲੋਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਦੇਸ਼ ਦਿੱਤੇ ਗਏ ਸਨ ਕਿ ਐਮ.ਪੀਜ਼ ਤੋਂ ਪ੍ਰਾਪਤ ਸਿਫਾਰਸ਼ਾਂ ਨੂੰ ਇੱਕ ਮਹੀਨੇ ਦੇ ਅੰਦਰ ਅੰਦਰ ਮਨਜ਼ੂਰ ਕੀਤਾ ਜਾਵੇ ਅਤੇ ਇੱਕ ਸਾਲ ਤੋਂ ਪੈਡਿੰਗ ਕੰਮ ਤੁਰੰਤ ਸਮਾਪਤ ਕੀਤੇ ਜਾਣ। ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ ਇਨ੍ਹਾਂ ਹਦਾਇਤਾਂ ਅਨੁਸਾਰ ਕੰਮ ਕਰਨ ਲਈ ਆਦੇਸ਼ ਦਿੱਤੇ ਅਤੇ ਸਕੀਮ ਦਾ ਲਗਾਤਾਰ ਕਾਰਜਕਾਰੀ ਏਜੰਸੀਆਂ ਨਾਲ ਰਿਵਿਊ ਕਰਕੇ ਏਜੰਡਾ ਅਤੇ ਕਾਰਵਾਈ ਮੁੱਖ ਦਫ਼ਤਰ ਭੇਜਣ ਲਈ ਕਿਹਾ।

***16ਵੀਂ ਲੋਕ ਸਭਾ ਦੇ ਫੰਡਾਂ ਦੀ ਰਲੀਜ਼ ਅਤੇ ਵਰਤੋਂ ਸਬੰਧੀ:-***

ਮੀਟਿੰਗ ਵਿੱਚ ਉਪ ਅਰਥ ਅਤੇ ਅੰਕੜਾ ਸਲਾਹਕਾਰ ਜ਼ਿਲਾ ਅੰਮ੍ਰਿਤਸਰ, ਬਠਿੰਡਾ, ਪਟਿਆਲਾ ਅਤੇ ਐਸ.ਏ.ਐਸ. ਨਗਰ ਨੂੰ ਸਾਲ 2014-15 ਦੀ ਦੂਜੀ ਕਿਸ਼ਤ ਮੌਸਪੀ ਭਾਰਤ ਸਰਕਾਰ ਤੋਂ ਜਾਰੀ ਕਰਵਾਉਣ ਲਈ ਫਾਲੋਅਪ ਕਰਨ ਦੇ ਨਿਰਦੇਸ਼ ਦਿੱਤੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਫਰੀਦਕੋਟ, ਫਿਰੋਜ਼ਪੁਰ ਅਤੇ ਤਰਨਤਾਰਨ ਨੂੰ ਹੋਰ ਰਾਸ਼ੀ ਸੈਂਕਸ਼ਨ ਕਰਨ ਅਤੇ ਉਸ ਦੀ ਵਰਤੋਂ ਕਰਨ ਲਈ ਨਿਰਦੇਸ਼ ਦਿੱਤੇ ਤਾਂ ਜੋ ਅੱਗੋਂ ਸਾਲ 2015-16 ਦੀ ਪਹਿਲੀ ਕਿਸ਼ਤ ਭਾਰਤ ਸਰਕਾਰ ਤੋਂ ਰਲੀਜ਼ ਹੋ ਸਕੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਗੁਰਦਾਸਪੁਰ ਨੂੰ ਉਨ੍ਹਾਂ ਪਾਸ ਪੈਡਿੰਗ 132.50 ਲੱਖ ਰੁਪਏ ਦੀਆਂ 29 ਰਿਕਮੈਡੇਸ਼ਨਾਂ ਤੁਰੰਤ ਸੈਂਕਸ਼ਨ ਕਰਨ ਲਈ ਅਤੇ ਹੋਰ ਰਿਕਮੈਂਡੇਸ਼ਨਾਂ ਮਿਤੀ 07-04-2015 ਦੀ ਵੀਡੀਓ ਕਾਨਫਰੰਸ ਵਿੱਚ ਹੋਏ ਨਿਰਦੇਸ਼ਾਂ ਅਨੁਸਾਰ ਐਮ.ਪੀ. ਸਾਹਿਬ ਤੋਂ ਲੈਣ ਲਈ ਆਦੇਸ਼ ਦਿੱਤੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਹੁਸ਼ਿਆਰਪੁਰ ਨੂੰ ਕਿਹਾ ਗਿਆ ਕਿ 20.00 ਲੱਖ ਰੁਪਏ ਦੀਆਂ ਹੋਰ ਰਿਕਮੈਂਡੇਸ਼ਨਾਂ ਲੈ ਕੇ ਇੱਕ ਹਫ਼ਤੇ ਦੇ ਅੰਦਰ ਅੰਦਰ ਸੈਂਕਸ਼ਨ ਕਰ ਦਿੱਤੀਆ ਜਾਣ ਤਾਂ ਜੋ ਸਾਲ 2014-15 ਦੀ ਦੂਜੀ ਕਿਸ਼ਤ ਮੌਸਪੀ ਭਾਰਤ ਸਰਕਾਰ ਤੋਂ ਰਲੀਜ਼ ਕਰਵਾਈ ਜਾ ਸਕੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਜਲੰਧਰ ਨੇ ਮੀਟਿੰਗ ਵਿੱਚ ਜਾਣਕਾਰੀ ਦਿੱਤੀ ਕਿ ਅਣਸੈਂਕਸ਼ਨਡ ਰਾਸ਼ੀ 100.00 ਲੱਖ ਰੁਪਏ ਤੋਂ ਘੱਟ ਚੁੱਕੀ ਹੈ ਇਸ ਲਈ ਦੂਜੀ ਕਿਸ਼ਤ ਲਈ ਯੋਗਤਾ ਬਣ ਚੁੱਕੀ ਹੈ। ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਤਾਜ਼ਾ ਸਥਿਤੀ ਅਨੁਸਾਰ ਐਮ.ਪੀ.ਆਰ. ਮੌਸਪੀ ਨੂੰ ਭੇਜਣ ਦੇ ਆਦੇਸ਼ ਦਿੱਤੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਲੁਧਿਆਣਾ ਨੇ ਸ੍ਰੀ ਰਵਨੀਤ ਸਿੰਘ ਬਿੱਟੂ ਐਮ.ਪੀ.ਸਾਹਿਬ ਦੀਆਂ 70 ਪੈਡਿੰਗ ਰਿਕਮੈਂਡੇਸ਼ਨਾਂ, ਟਰੱਸਟ/ਸੁਸਾਇਟੀਆਂ ਨਾਲ ਸਬੰਧਤ ਹੋਣ ਕਾਰਨ ਦਸਤਾਵੇਜ਼ ਇਕੱਠੇ ਕਰਨ ਵਿੱਚ ਮੁਸ਼ਕਲ ਆਉਣ ਬਾਰੇ ਜਾਣਕਾਰੀ ਦਿੱਤੀ। ਸ੍ਰੀ ਹਰਿੰਦਰ ਸਿੰਘ ਖਾਲਸਾ ਐਮ.ਪੀ. ਫਤਿਹਗੜ੍ਹ ਸਾਹਿਬ ਨੋਡਲ ਜ਼ਿਲ੍ਹਾ ਲੁਧਿਆਣਾ ਦੀਆਂ 107 ਪੈਡਿੰਗ ਰਿਕਮੈਂਡੇਸ਼ਨਾਂ ਸਬੰਧੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੇ ਜਾਣਕਾਰੀ ਦਿੱਤੀ ਕਿ ਕੰਮ ਸੈਂਕਸ਼ਨ ਹੋ ਚੁੱਕੇ ਹਨ ਅਤੇ RTGS ਰਾਹੀਂ ਫੰਡ ਟਰਾਂਸਫਰ ਕਰਨ ਲਈ ਬੈਂਕ ਖਾਤੇ ਸਬੰਧਤ ਏਜੰਸੀਆਂ ਉਪਲਬੱਧ ਨਹੀਂ ਕਰਵਾ ਰਹੀਆਂ ਹਨ। ਇਸ ਤੇ ਵਧੀਕ ਸਕੱਤਰ ਯੋਜਨਾ ਜੀ ਨੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਤੁਰੰਤ ਮਾਮਲਾ ਡਿਪਟੀ ਕਮਿਸ਼ਨਰ ਲੁਧਿਆਣਾ ਨਾਲ ਟੇਕਅਪ ਕਰਨ ਦੇ ਆਦੇਸ਼ ਦਿੱਤੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਪਟਿਆਲਾ ਨੇ ਜਾਣਕਾਰੀ ਦਿੱਤੀ ਕਿ 86.00 ਲੱਖ ਰੁਪਏ ਦੀਆਂ 54 ਰਿਕਮੈਂਡੇਸ਼ਨਾਂ ਦੇ ਐਸਟੀਮੇਟ ਪ੍ਰਾਪਤ ਨਾ ਹੋਣ ਕਾਰਨ ਸੈਂਕਸ਼ਨ ਕਰਨ ਵਿੱਚ ਦੇਰੀ ਹੋ ਰਹੀ ਹੈ। ਉਪ ਅਰਥ ਅਤੇ ਅੰਕੜਾ ਸਲਾਹਕਾਰ ਪਟਿਆਲਾ ਨੂੰ ਡਿਪਟੀ ਕਮਿਸ਼ਨਰ ਸਾਹਿਬ ਨਾਲ ਗੱਲਬਾਤ ਕਰਕੇ ਇਕ ਹਫ਼ਤੇ ਦੇ ਅੰਦਰ ਅੰਦਰ ਕੰਮ ਸੈਂਕਸ਼ਨ ਕਰਵਾਉਣ ਦੇ ਆਦੇਸ਼ ਦਿੱਤੇ।

*15ਵੀਂ ਲੋਕ ਸਭਾ ਦੇ ਕੰਮਾਂ ਦੀ ਸਮਾਪਤੀ ਬਾਰੇ:-*

15ਵੀਂ ਲੋਕ ਸਭਾ ਦੀ ਕੁੱਲ 8.66 ਕਰੋੜ ਰੁਪਏ ਦੀ ਰਾਸ਼ੀ ਅਜੇ ਵੀ ਅਣਵਰਤੀ ਹੋਣ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਇਹ ਰਾਸ਼ੀ ਤੁਰੰਤ ਖਰਚ ਕਰਕੇ ਜ਼ੀਰੋ ਬੈਲੇਂਸ ਕਰਨ ਦੇ ਆਦੇਸ਼ ਦਿੱਤੇ। ਉਪ ਅਰਥ ਅਤੇ ਅੰਕੜਾ ਸਲਾਹਕਾਰ ਗੁਰਦਾਸਪੁਰ, ਪਟਿਆਲਾ ਅਤੇ ਜਲੰਧਰ ਨੂੰ ਅਣਵਰਤੀ ਰਾਸ਼ੀ ਜ਼ਿਆਦਾ ਹੋਣ ਕਾਰਨ ਖਾਸ ਧਿਆਨ ਦੇਣ ਦੇ ਆਦੇਸ਼ ਵੀ ਦਿੱਤੇ। 15ਵੀਂ ਲੋਕ ਸਭਾ ਦੇ ਪ੍ਰਗਤੀ ਅਧੀਨ 2734 ਕੰਮ ਜੋ ਕਿ ਸਾਲ ਤੋਂ ਵੱਧ ਸਮੇਂ ਦੇ ਪੈਡਿੰਗ ਹਨ ਨੂੰ ਤੁਰੰਤ ਖਤਮ ਕਰਨ ਦੇ ਸਬੰਧਤ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਆਦੇਸ਼ ਦਿੱਤੇ। ਵਧੀਕ ਸਕੱਤਰ ਯੋਜਨਾ ਜੀ ਨੇ 15ਵੀਂ ਲੋਕ ਸਭਾ ਦੇ ਸਾਰੇ ਕੰਮ ਖਤਮ ਕਰਵਾਉਣ ਲਈ ਸਕੱਤਰ ਯੋਜਨਾ ਜੀ ਤੋਂ ਇੱਕ ਅਰਧ ਸਰਕਾਰੀ ਪੱਤਰ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਲਿਖਵਾਉਣ ਸਬੰਧੀ ਕਿਹਾ।

*ਐਮ.ਪੀ.ਲੈਡਜ਼ ਦੇ ਨਵੇਂ ਪੋਰਟਲ ਸਬੰਧੀ:-*

ਮੌਸਪੀ ਭਾਰਤ ਸਰਕਾਰ ਵਲੋਂ ਐਮ.ਪੀ.ਲੈਡ ਸਕੀਮ ਸਬੰਧੀ ਨਵਾਂ ਵੈਬ ਪੋਰਟਲ ਤਿਆਰ ਕੀਤਾ ਗਿਆ ਹੈ ਜਿਸ ਨੂੰ ਚਲਾਉਣ ਲਈ ਮੌਸਪੀ ਭਾਰਤ ਸਰਕਾਰ ਵਲੋਂ ਮਿਤੀ 29-04-2015 ਤੋਂ 30-04-2015 ਤੱਕ ਰਾਜ ਦੇ 20 ਅਧਿਕਾਰੀਆਂ/ਕਰਮਚਾਰੀਆਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਬਾਰੇ ਸਮੂਹ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਆਰਕਿਕ ਸਲਾਹਕਾਰ ਜੀ ਵਲੋਂ ਆਦੇਸ਼ ਦਿੱਤੇ ਗਏ ਕਿ ਟ੍ਰੇਨਿੰਗ ਅੱਛੀ ਤਰ੍ਹਾਂ ਲਈ ਜਾਵੇ ਅਤੇ ਵਾਪਸ ਪਰਤ ਕੇ ਇਸ ਵੈਬ ਪੋਰਟਲ ਨੂੰ ਤੁਰੰਤ ਲਾਗੂ ਕੀਤਾ ਜਾਵੇ।

*ਸੀਟਿੰਗ ਰਾਜ ਸਭਾ : ਜਾਰੀ ਫੰਡਾਂ ਦੀ ਵਰਤੋਂ ਸਬੰਧੀ ਪ੍ਰਗਤੀ*

ਉਪ ਅਰਥ ਅਤੇ ਅੰਕੜਾ ਸਲਾਹਕਾਰ ਗੁਰਦਾਸਪੁਰ ਨੂੰ ਸ੍ਰੀ ਅਸ਼ਵਨੀ ਕੁਮਾਰ ਐਮ.ਪੀ. ਰਾਜ ਸਭਾ ਦੀ ਸਾਲ 2011-12 ਦੀ ਦੂਜੀ ਕਿਸ਼ਤ ਜਾਰੀ ਕਰਵਾਉਣ ਲਈ ਦੋ ਦਿਨ੍ਹਾਂ ਦੇ ਅੰਦਰ ਆਡਿਟ ਸਰਟੀਫਿਕੇਟ ਤਿਆਰ ਕਰਵਾ ਕੇ ਮੌਸਪੀ ਭਾਰਤ ਸਰਕਾਰ ਨੂੰ ਭੇਜਣ ਦੇ ਆਦੇਸ਼ ਦਿੱਤੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਹੁਸ਼ਿਆਰਪੁਰ ਨੇ ਜਾਣਕਾਰੀ ਦਿੱਤੀ ਕਿ ਸ੍ਰੀ ਅਵਿਨਾਸ਼ ਰਾਏ ਖੰਨਾ ਦੀ ਸਾਲ 2014-15 ਦੀ ਦੂਜੀ ਕਿਸ਼ਤ ਜਾਰੀ ਕਰਵਾਉਣ ਲਈ ਯੋਗਤਾ ਬਣ ਗਈ ਹੈ।ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਇਹ ਕਿਸ਼ਤ ਜਲਦੀ ਰੀਲੀਜ਼ ਕਰਵਾਉਣ ਦੇ ਆਦੇਸ਼ ਦਿੱਤੇ ਗਏ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਰੂਪਨਗਰ, ਜਲੰਧਰ, ਮਾਨਸਾ, ਤਰਨਤਾਰਨ ਅਤੇ ਸੰਗਰੂਰ ਨੂੰ ਮਿਤੀ 07-04-2015 ਨੂੰ ਹੋਈ ਵੀਡੀਓ ਕਾਨਫਰੰਸ ਵਿੱਚ ਹੋਈਆਂ ਹਦਾਇਤਾਂ ਅਨੁਸਾਰ ਸਬੰਧਤ ਐਮ.ਪੀ.ਸਾਹਿਬਾਨਾਂ ਨੂੰ ਸ਼ੈਲਫ ਆਫ਼ ਪ੍ਰੋਜੈਕਟ ਭੇਜਣ ਅਤੇ ਨਿਮਰਤਾ ਸਹਿਤ ਰਿਕਮੈਂਡੇਸ਼ਨਾਂ ਲੈਣ ਲਈ ਪੱਤਰ ਡਿਪਟੀ ਕਮਿਸ਼ਨਰ ਸਾਹਿਬ ਤੋਂ ਜਾਰੀ ਕਰਵਾਉਣ ਲਈ ਆਦੇਸ਼ ਦਿੱਤੇ। ਉਪ ਅਰਥ ਅਤੇ ਅੰਕੜਾ ਸਲਾਹਕਾਰ ਗੁਰਦਾਸਪੁਰ ਅਤੇ ਰੂਪਨਗਰ ਨੂੰ ਸਬੰਧਤ ਐਮ.ਪੀ.ਸਾਹਿਬਾਨਾਂ ਤੋਂ ਰਿਕਮੈਂਡੇਸ਼ਨਾਂ ਨਾ ਪ੍ਰਾਪਤ ਹੋਣ ਬਾਰੇ ਅਰਧ ਸਰਕਾਰੀ ਪੱਤਰ ਸਬੰਧਤ ਡਿਪਟੀ ਕਮਿਸ਼ਨਰਾਂ ਤੋਂ ਸਕੱਤਰ ਯੋਜਨਾ ਜੀ ਨੂੰ ਲਿਖਵਾਉਣ ਲਈ ਵੀ ਆਦੇਸ਼ ਦਿੱਤੇ ਤਾਂ ਜੋ ਇਸ ਮਾਮਲੇ ਬਾਰੇ ਮੌਸਪੀ ਭਾਰਤ ਸਰਕਾਰ ਨੂੰ ਵੀ ਲਿਖਿਆ ਜਾ ਸਕੇ।

ਉਪ ਅਰਥ ਅਤੇ ਅੰਕੜਾ ਸਲਾਹਕਾਰ ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ, ਜਲੰਧਰ, ਮਾਨਸਾ, ਤਰਨਤਾਰਨ ਅਤੇ ਸੰਗਰੂਰ ਨੂੰ 1536 ਕੰਮ ਜਲਦੀ ਤੋਂ ਜਲਦੀ ਖਤਮ ਕਰਵਾ ਕੇ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਦੇ ਆਦੇਸ਼ ਦਿੱਤੇ। ਇਸ ਸਬੰਧੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਹਫ਼ਤੇ ਵਿੱਚ ਇੱਕ ਵਾਰ ਕਾਰਜਕਾਰੀ ਏਜੰਸੀਆਂ ਨਾਲ ਰੀਵਿਊ ਕਰਵਾਉਣਾ ਯਕੀਨੀ ਬਨਾਉਣ।

ਮੀਟਿੰਗ ਦੇ ਅੰਤ ਵਿੱਚ ਫੈਸਲਾ ਲਿਆ ਕਿ ਸਾਰੀ ਰਾਸ਼ੀ RTGS ਨਾਲ ਹੀ ਟਰਾਂਸਫਰ ਕੀਤੀ ਜਾਵੇ, ਕੋਈ ਵੀ ਚੈਕ ਜਾਰੀ ਨਹੀਂ ਕੀਤਾ ਜਾਵੇਗਾ। ਸਮੂਹ ਉਪ ਅਰਥ ਅਤੇ ਅੰਕੜਾ ਸਲਾਹਾਕਾਰਾਂ ਨੂੰ ਆਦੇਸ਼ ਦਿੱਤੇ ਕਿ ਇਸ ਏਜੰਡੇ ਨੂੰ ਡਿਪਟੀ ਕਮਿਸ਼ਨਰ ਲੈਵਲ ਤੇ ਰੀਵਿਊ ਕਰਵਾਇਆ ਜਾਵੇ ਤਾਂ ਜੋ ਅੱਗੇ ਨੇੜ ਭਵਿਖ ਵਿੱਚ ਮਾਨਯੋਗ ਮੁੱਖ ਸਕੱਤਰ ਜੀ ਵਲੋਂ ਲਈ ਜਾਣ ਵਾਲੀ ਮੀਟਿੰਗ ਵਿੱਚ ਕੋਈ ਮੁਸ਼ਕਲ ਨਾ ਆਵੇ ਅਤੇ ਅੱਛੇ ਰਿਜਲਟ ਆਉਣ।

## ਆਈਟਮ ਨੰ: 2 ਬਿਜਨਸ ਰਜਿਸਟਰ ਦਾ ਸਰਵੇ

### *2.1.1 ਬਿਜਨਸ ਰਜਿਸਟਰ (BR)*

**ਮੀਟੰਗ ਦੌਰਾਨ ਦੱਸਿਆ ਗਿਆ ਕਿ ਸਾਰੇ ਜਿਲ੍ਹਿਆਂ ਵਲੋਂ ਬਿਜਨਸ ਰਜਿਸਟਰ ਸਰਵੇ ਦਾ ਕੰਮ ਮਕੁੰਮਲ ਕਰਕੇ ਟਰੇਸਡ ਯੂਨਿਟਾਂ ਦੇ ਭਰੇ ਹੋਏ ਸਡੂਲਾਂ ਦੀ ਨਿਰਧਾਰਤ ਬਿਜਨਸ ਰਜਿਸਟਰ ਫਾਰਮੈਟ ਵਿੱਚ ਡਾਟਾ ਐਂਟਰੀ ਦਾ ਕੰਮ ਮਕੁੰਮਲ ਕਰਕੇ BR ਦੀ ਸਾਫਟ ਕਾਪੀ ਮੁੱਖ ਦਫਤਰ ਨੂੰ ਪ੍ਰਾਪਤ ਹੋ ਗਈ ਹੈ। BR ਦੀਆਂ ਸਾਫਟ ਕਾਪੀਆਂ ਮੁੱਖ ਦਫਤਰ ਤੇ ਚੈਕ ਕਰਕੇ ਉਹਨਾਂ ਦੀਆਂ ਤਰੁੱਟੀਆਂ ਦੀ ਸੂਚੀ ਜਿਲ੍ਹਿਆਂ ਨੂੰ ਭੇਜ ਕੇ ਲਿਖਿਆ ਗਿਆ ਸੀ ਕਿ BR ਦੀਆਂ ਤਰੁੱਟੀਆਂ ਨੂੰ ਦੂਰ ਕਰਕੇ BR ਦੀ ਸਹੀ ਕਾਪੀ ਮੁੱਖ ਦਫਤਰ ਨੂੰ ਭੇਜੀ ਜਾਵੇ। ਇਸ ਸਬੰਧੀ ਜਿਲ੍ਹਿਆਂ ਤੋਂ ਜੋ BR ਦੀਆਂ ਦੁਬਾਰਾ ਸਾਫਟ ਕਾਪੀਆਂ ਪ੍ਰਾਪਤ ਹੋਈਆਂ ਹਨ ਉਹਨਾਂ ਵਿੱਚ ਫਤਿਹਗੜ੍ਹ ਸਾਹਿਬ, ਹੁਸਿਆਰਪੁਰ, ਕਪੂਰਥਲਾ, ਰੂਪਨਗਰ, ਪਠਾਨਕੋਟ ਅਤੇ ਸ੍ਰੀ ਮੁਕਤਸਰ ਸਾਹਿਬ ਜਿਲ੍ਹਿਆਂ ਦੀਆਂ ਸਾਫਟ ਕਾਪੀਆਂ ਵਿੱਚ ਦੁਬਾਰਾ ਘੱਟ ਗਲਤੀਆਂ ਪਾਈਆ ਗਈਆ ਹਨ। ਬਾਕੀ ਦੇ ਕਈ ਜਿਲ੍ਹਿਆਂ ਵਲੋਂ ਭੇਜੀਆ ਸਾਫਟ ਕਾਪੀਆਂ ਵਿੱਚ ਦੁਬਾਰਾ ਫਿਰ ਬਹੁਤ ਸਾਰੀਆਂ ਤਰੁੱਟੀਆਂ ਪਾਈਆ ਗਈਆਂ ਅਤੇ ਕਈ ਜਿਲ੍ਹਿਆਂ ਵਲੋਂ BR ਦੀਆਂ ਸਾਫਟ ਕਾਪੀਆਂ ਦੁਬਾਰਾ ਪ੍ਰਾਪਤ ਹੀ ਨਹੀਂ ਹੋਈਆਂ।**

**ਇਸ ਨੂੰ ਵਿਚਾਰਨ ਉਪਰੰਤ ਪ੍ਰਧਾਨ ਜੀ ਵਲੋਂ ਆਦੇਸ ਦਿੱਤੇ ਗਏ ਕਿ ਸਾਰੇ ਜਿਲ੍ਹਿਆਂ ਵਲੋਂ ਮੁੱਖ ਦਫਤਰ ਦੀਆਂ ਹਦਾਇਤਾਂ ਅਨੁਸਾਰ BR ਦੀਆਂ ਸਾਫਟ ਕਾਪੀਆਂ ਵਿੱਚ ਤਰੁੱਟੀਆਂ ਦੂਰ ਕਰਕੇ ਸਹੀ BR ਦੀ ਸਾਫਟ ਕਾਪੀ ਇਕ ਹਫਤੇ ਦੇ ਅੰਦਰ ਮੁੱਖ ਦਫਤਰ ਨੂੰ ਦੁਬਾਰਾ ਭੇਜੀ ਜਾਵੇ। ਇਸ ਦੇ ਨਾਲ ਹੀ ਮੁੱਖ ਦਫਤਰ ਵਲੋਂ ਪਹਿਲਾਂ ਭੇਜੀਆਂ ਗਈਆਂ ਹਦਾਇਤਾਂ ਅਨੁਸਾਰ BR ਦੀ ਸਾਫਟ ਕਾਪੀ ਭੇਜਣ ਸਮੇਂ ਜਿਲ੍ਹੇ ਦੇ**

ਸਬੰਧਤ ਅਧਿਕਾਰੀ ਵਲੋਂ ਇਹ ਤਸਦੀਕ ਵੀ ਕੀਤਾ ਜਾਵੇ ਕਿ ਮੁੱਖ ਦਫਤਰ ਵਲੋਂ ਦਰਸਾਈਆਂ ਗਈਆਂ ਸਾਰੀਆਂ ਤਰੁੱਟੀਆਂ ਦੇ ਨਾਲ ਬਾਕੀ ਦੀਆਂ ਤਰੁੱਟੀਆਂ ਵੀ ਦੂਰ ਕਰ ਦਿੱਤੀਆਂ ਗਈਆਂ ਹਨ।

### *2.1.2 ਬਿਜਨਸ ਰਜਿਸਟਰ ਸਰਵੇ ਦੀ ਗਿਣਤੀਕਾਰਾਂ ਨੂੰ ਮਿਹਨਤਾਨੇ ਦੀ ਅਦਾਇਗੀ ਬਾਰੇ:-*

ਮੀਟਿੰਗ ਦੌਰਾਨ ਦੱਸਿਆ ਗਿਆ ਕਿ ਬਿਜਨਸ ਰਜਿਸਟਰ ਸਰਵੇ ਦੇ ਕੰਮ ਦੀ ਗਿਣਤੀਕਾਰਾਂ ਨੂੰ ਅਦਾਇਗੀ ਦੇ ਸਬੰਧ ਵਿੱਚ 1,28,29,230/- ਰੁਪੈ ਦੀ ਰਾਸੀ RTGS ਰਾਹੀਂ ਸਿਧੀ ਗਿਣਤੀਕਾਰਾਂ ਦੇ ਖਾਤਿਆਂ ਵਿੱਚ ਅਤੇ 2,13,87,070/- ਰੁਪੈ ਦੀ ਰਾਸੀ ਗਿਣਤੀਕਾਰਾਂ ਨੂੰ RTGS ਰਾਹੀਂ ਵੰਡਣ ਹਿਤ ਸਿਧੀ ਜਿਲ੍ਹਾ ਪੱਧਰ ਤੇ ਉਪ.ਅ.ਅ.ਸ. ਦੇ ਖਾਤਿਆਂ ਵਿੱਚ ਭੇਜੀ ਜਾ ਚੁੱਕੀ ਹੈ। ਇਸ ਰਾਸੀ ਦੇ ਵਰਤੋਂ ਸਰਟੀਫਿਕੇਟ ਸਾਰੇ ਜਿਲ੍ਹਿਆਂ ਵੱਲ ਪੈਡਿੰਗ ਹਨ।

ਪ੍ਰਧਾਨ ਜੀ ਵਲੋਂ ਆਦੇਸ ਦਿੱਤੇ ਗਏ ਕਿ ਜਿਲ੍ਹਿਆਂ ਤੋਂ ਵਰਤੋਂ ਸਰਟੀਫਿਕੇਟ ਮੰਗਵਾਉਣ ਹਿਤ ਨਿਰਧਾਰਤ ਫਾਰਮੈਟ ਤਿਆਰ ਕਰਕੇ ਜਿਲ੍ਹਿਆਂ ਨੂੰ ਭੇਜਿਆ ਜਾਵੇ ਤਾਂ ਜੋ ਇਕੋ ਜਿਹੇ ਫਾਰਮੈਟ ਵਿੱਚ ਸਾਰੇ ਜਿਲ੍ਹਿਆਂ ਵਲੋਂ ਵਰਤੋਂ ਸਰਟੀਫਿਕੇਟ ਪ੍ਰਾਪਤ ਹੋ ਸਕਣ। ਸਮੂਹ ਜਿਲ੍ਹਿਆਂ ਨੂੰ ਆਦੇਸ ਦਿੱਤੇ ਗਏ ਕਿ ਯੂ.ਸੀ. ਨਿਰਧਾਰਤ ਫਾਰਮੈਟ ਪ੍ਰਾਪਤ ਹੋਣ ਤੇ ਤੁਰੰਤ ਯੂ.ਸੀ. ਮੁੱਖ ਦਫਤਰ ਨੂੰ ਭੇਜੇ ਜਾਣ।

## 2.2 ਨੈਟਵਰਕ ਕੁਨੈਕਟੀਵਿਟੀ

***2.2.1 ਲੋਕਲ ਏਰੀਆ ਨੈਟਵਰਕ ਕੁਨੈਕਟੀਵਿਟੀ (LAN) :*** ਮੀਟਿੰਗ ਦੌਰਾਨ ਦੱਸਿਆ ਗਿਆ ਕਿ ਇਕ ਜਿਲ੍ਹਾ ਪਠਾਨਕੋਟ ਨੂੰ ਛੱਡ ਕੇ ਬਾਕੀ ਸਾਰੇ ਜਿਲ੍ਹਿਆਂ ਤੇ LAN ਦਾ ਕੰਮ ਹੋ ਚੁੱਕਾ ਹੈ। ਪਠਾਨਕੋਟ ਵਿਖੇ ਕਿਰਾਏ ਦੀ ਨਵੀਂ ਬਿਲਡਿੰਗ ਲੈਣ ਸਬੰਧੀ ਕੇਸ ਪੈਡਿੰਗ ਹੋਣ ਕਰਕੇ ਉਥੇ LAN ਦਾ ਕੰਮ ਪੈਡਿੰਗ ਸੀ। ਇਸ ਸਬੰਧੀ ਹੁਣ ਮੌਜੂਦਾ ਬਿਲਡਿੰਗ ਵਿੱਚ ਹੀ LAN ਦੀ ਸਥਾਪਨਾ ਕਰਨ ਲਈ NIC ਨੂੰ ਲਿਖਿਆ ਜਾ ਚੁੱਕਾ ਹੈ। NIC ਅਨੁਸਾਰ ਇਹ ਕੰਮ ਮਈ ਦੇ ਪਹਿਲੇ ਹਫਤੇ ਤੱਕ ਪੂਰਾ ਹੋ ਜਾਵੇਗਾ।

***2.2.2 ਵਾਇਡ ਏਰੀਆ ਨੈਟਵਰਕ ਕੁਨੈਕਟੀਵਿਟੀ (WAN)*** : ਮੀਟਿੰਗ ਦੌਰਾਨ ਦੱਸਿਆ ਗਿਆ ਕਿ ਸਾਰੇ ਜਿਲ੍ਹਿਆਂ ਵਿੱਚ WAN ਸਥਾਪਤ ਕਰਨ ਲਈ BSNL ਦੀ ਤਜਵੀਜ ਅਨੁਸਾਰ 9.84 ਲੱਖ ਰੁਪਏ ਦੀ ਰਾਸੀ ਰੀਲੀਜ ਕੀਤੀ ਗਈ ਸੀ। ਇਸ ਤੋਂ ਉਪਰੰਤ BSNL ਵਲੋਂ ਤਜਵੀਜ ਰੀਵਾਇਜ ਕਰਕੇ ਹੋਏ ਹੋਰ 1.54 ਲੱਖ ਰੁਪਏ ਦੀ ਰਾਸੀ ਦੀ ਮੰਗ ਕੀਤੀ ਸੀ ਜੋ ਕਿ ਉਹਨਾਂ ਨੂੰ ਮਿਤੀ 2.2.15 ਨੂੰ ਦੇ ਦਿੱਤੀ ਗਈ ਸੀ। 9 ਜਿਲ੍ਹਿਆਂ ਵਿੱਚ WAN ਦੀ ਸਥਾਪਨਾ ਹੋ ਚੁੱਕੀ ਹੈ ਮੁੱਖ ਦਫਤਰ ਅਤੇ ਬਾਕੀ ਜਿਲ੍ਹਿਆਂ ਵਿੱਚ BSNL ਦੀ ਸਥਾਪਨਾ ਅਜੇ ਬਾਕੀ ਹੈ। BSNL ਦੇ ਅਧਿਕਾਰੀਆਂ ਅਨੁਸਾਰ ਕੰਨਰੈਕਟਰ ਨਾਲ ਕੁਝ ਇਸ਼ੂਜ ਪੈਡਿੰਗ ਹੋਣ ਕਰਕੇ ਇਹ ਕੰਮ ਲੇਟ ਹੋਇਆ ਹੈ ਜੋ ਕਿ ਹੁਣ ਛੇਤੀ ਹੋ ਜਾਵੇਗਾ।

## 2.3 ਲੋਕਲ ਬਾਡੀਜ ਦੇ ਅਕਾਉਂਟਸ ਦੇ ਕੰਮ ਦੀ ਪ੍ਰਗਤੀ

ਲੋਕਲ ਬਾਡੀਜ ਦੇ ਅਕਾਊਂਟਸ ਦੇ ਕੰਮ ਦੀ ਪ੍ਰਗਤੀ ਸਾਲ 2011-12 ਦਾ ਲੋਕਲ ਬਾਡੀਜ ਅਕਾਊਂਟਸ ਦਾ 1770 ਪੰਚਾਇਤਾ ਦਾ ਕੰਮ ਅਜੇ ਪੈਡਿੰਗ ਹੈ। ਇਸ ਸਬੰਧੀ ਰਹਿੰਦੇ ਜਿਲ੍ਹਿਆਂ ਨੂੰ 7 ਦਿਨਾਂ ਵਿੱਚ ਸੂਚਨਾ ਇੱਕਤਰ ਕਰਕੇ ਕੰਪਿਊਟਰਾਈਜਡ ਕਰਨ ਦੇ ਆਦੇਸ ਦਿੱਤੇ ਗਏ ਅਤੇ ਨਾਲ ਹੀ ਸਮੂਹ ਜਿਲ੍ਹਿਆਂ ਨੂੰ ਕੰਪਿਊਟਰਾਈਜਡ ਡੈਟਾ ਮੁੱਖ ਦਫਤਰ 10 ਦਿਨਾਂ ਵਿੱਚ ਭੇਜਣ ਦੀ ਹਦਾਇਤ ਕੀਤੀ ਗਈ ।

## 2.4 ਪੂਲਿੰਗ ਆਫ ਸਟੇਟ/ਸੈਂਟਰਲ ਸੈਂਪਲ ਡੈਟਾ

ਮੀਟਿੰਗ ਦੌਰਾਨ ਅ.ਸ. ਜੀ ਵੱਲੋਂ ਪੂਲਿੰਗ ਆਫ ਸਟੇਟ/ਸੈਂਟਰਲ ਸੈਂਪਲ ਡੈਟਾ ਜੋ ਕਿ 13ਵੇਂ ਵਿੱਤ ਕਮਿਸ਼ਨ ਅਧੀਨ ਇੱਕ ਮਹੱਤਵਪੂਰਨ ਮਾਈਲ ਸਟੋਨ ਹੈ ਸਬੰਧੀ ਚੇਅਰਮੈਨ ਸਾਹਿਬ ਨੂੰ ਜਾਣੂ ਕਰਵਾਇਆ ਗਿਆ ਅਤੇ ਉਨਾਂ ਰਨਸ ਦੇ 66ਵੇਂ ਦੌਰ ਤੋਂ ਲੈ ਕੇ 72ਵੇਂ ਦੌਰ ਤੱਕ ਕੀਤੇ ਜਾ ਰਹੇ ਕੰਮ ਸਬੰਧੀ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ। ਅਸ ਜੀ ਦੇ ਆਦੇਸ ਅਨੁਸਾਰ ਡਾਇਰੈਕਟਰ (ਟੀ) ਵੱਲੋਂ ਚੇਅਰਮੈਨ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਜਿਲ੍ਹਾ ਪੱਧਰ ਤੋਂ ਪ੍ਰਾਪਤ ਹੋਣ ਵਾਲੇ ਸਡੂਲਾਂ ਵਿੱਚ ਫੀਲਡ ਤੋਂ ਭਰੀ ਗਈ ਸੂਚਨਾ ਅਤੇ ਇਨਾਂ ਦੀ ਚੰਗੀ ਤਰਾਂ ਪੜਤਾਲ ਨਾ ਕਰਨ ਕਾਰਨ ਮੁੱਖ ਦਫਤਰ ਪੱਧਰ ਤੇ ਡੈਟੇ ਦੀ ਪ੍ਰੋਸੈਸਿੰਗ ਕਰਦੇ ਸਮੇਂ ਵੱਖ ਵੱਖ ਤਰਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਾਰਨ ਜਿਲ੍ਹਾ ਪੱਧਰ ਦੇ ਅਧਿਕਾਰੀਆਂ ਨਾਲ ਵਾਰ-ਵਾਰ ਫੋਨ ਰਾਹੀਂ ਸੰਪਰਕ ਕਰਨਾ ਪੈਂਦਾ ਹੈ। ਚੇਅਰਮੈਨ ਸਾਹਿਬ ਵੱਲੋਂ ਇਸ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਗਿਆ ਅਤੇ ਉਨਾਂ ਜਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭਵਿੱਖ ਵਿੱਚ ਉਹ ਨਿੱਜੀ ਪੱਧਰ ਤੇ ਡੈਟੇ ਦੀ ਪੜਤਾਲ ਯਕੀਨੀ ਬਨਾਉਣ ਉਪਰੰਤ ਹੀ ਸਡੂਲ ਮੁੱਖ ਦਫਤਰ ਨੂੰ ਭੇਜਣ ਤਾਂ ਕਿ ਡੈਟੇ ਦੀ ਸ਼ੁੱਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸਦੇ ਨਾਲ ਹੀ ਚੇਅਰਮੈਨ ਸਾਹਿਬ ਵੱਲੋਂ ਖੇਤਰੀ ਸਰਵੇਖਣ ਦੌਰਾਨ ਭਰੇ ਗਏ ਸਡੂਲਾਂ ਨੂੰ ਨਿਰਧਾਰਤ ਸਮਾਂ-ਸੀਮਾਂ ਦੇ ਅੰਦਰ-2 ਭੇਜਣ ਵਾਸਤੇ ਵਿਸ਼ੇਸ ਤੌਰ ਤੇ ਆਦੇਸ਼ ਜਾਰੀ ਕੀਤੇ। ਇਸੇ ਸਬੰਧ ਵਿੱਚ ਆਰਥਿਕ ਸਲਾਹਕਾਰ ਜੀ ਵੱਲੋਂ ਡਾਇਰੈਕਟਰ(ਟੀ) ਨੂੰ ਨਿਰਦੇਸ਼ ਦਿੱਤੇ ਗਏ ਕਿ ਰਨਸ ਦੇ 73ਵੇਂ ਦੌਰ ਸਬੰਧੀ ਭਰੇ ਜਾਣ ਵਾਲੇ ਸਡੂਲਾਂ ਲਈ ਜਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਲੋੜੀਂਦੀ ਟ੍ਰੇਨਿੰਗ ਦਿਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਕਿ ਉਹ ਆਪਣੇ ਪੱਧਰ ਤੇ ਇਸ ਕੰਮ ਵਿੱਚ ਵਿਸ਼ੇਸ ਯੋਗਦਾਨ ਪਾ ਸਕਣ।

## ਆਈਟਮ ਨੰ: 3 ਛੇਵੀਂ ਆਰਥਿਕ ਗਣਨਾ

3.1. ਮਾਨਯੋਗ ਆਰਥਿਕ ਸਲਾਹਕਾਰ ਜੀ ਵੱਲੋਂ ਛੇਵੀਂ ਆਰਥਿਕ ਗਣਨਾ ਦੇ ਪੈਡਿੰਗ ਵਰਤੋਂ ਸਰਟੀਫਿਕੇਟ ਲੰਬੇ ਸਮੇ ਤੋਂ ਪੈਡਿੰਗ ਹੋਣ ਤੇ ਖੇਦ ਦਾ ਪ੍ਰਗਟਾਵਾ ਕਰਦੇ ਹੋਏ ਸਮੂਹ ਜਿਲ੍ਹਾ ਅਧਿਕਾਰੀਆਂ ਨੂੰ ਫੀਲਡ ਸਟਾਫ ਦੇ ਟੀ.ਏ.ਡੀ.ਏ. ਦੀ ਰਾਸੀ ਦੇ ਵਰਤੋਂ ਸਰਟੀਫਿਕੇਟ ਤੁਰੰਤ ਮੁੱਖ ਦਫਤਰ ਭੇਜਣ ਦੀ ਹਦਾਇਤ ਕੀਤੀ ਗਈ ।

3.2. ਛੇਵੀਂ ਆਰਥਿਕ ਗਣਨਾ ਸਬੰਧੀ ਫੀਲਡ ਸਟਾਫ ਮਾਨਭੇਟਾ, ਜਿਲ੍ਹਾ ਪੱਧਰੀ ਸਟਾਫ ਮਾਨਭੇਟਾ, ਐਨ.ਆਈ.ਸੀ.ਕੋਡਿੰਗ ਮਾਨਭੇਟਾ ਤੇ ਸਡਿਊਲ 6 ਸੀ ਮਾਨਭੇਟਾ ਲਈ ਜਾਰੀ ਕੀਤੀ ਰਾਸੀ ਦੇ ਵਰਤੋਂ ਸਰਟੀਫਿਕੇਟ ਰਹਿੰਦੇ ਜਿਲ੍ਹਿਆਂ ਨੂੰ 15 ਮਈ, 2015 ਤੱਕ ਹਰ ਹਾਲਤ ਵਿੱਚ ਮੁੱਖ ਦਫਤਰ ਭੇਜਣ ਲਈ ਆਦੇਸ ਦਿੱਤੇ ਗਏ ।

## ਆਈਟਮ ਨੰ: 4 ਪੈਡਿੰਗ ਅੰਕੜਾਤਮਕ ਸੂਚਨਾ

4.1 ਪੰਜਾਬ ਐਟ ਏ ਗਲਾਂਸ 2014 ਤਿਆਰ ਕਰਨ ਸਬੰਧੀ ਜਿਲ੍ਹਾ ਫਰੀਦਕੋਟ ਤੇ ਮਾਨਸਾ ਨੂੰ ਸੂਚਨਾ ਇੱਕ ਹਫਤੇ ਵਿੱਚ ਮੁੱਹਈਆ ਕਰਵਾਉਣ ਦੇ ਆਦੇਸ ਦਿੱਤੇ ਗਏ ।

4.2 ਬਿਲਡਿੰਗ ਮੈਟੀਰੀਅਲ ਦੀਆਂ ਕੀਮਤਾਂ ਅਤੇ ਮਜਦੂਰਾਂ ਦੀਆਂ ਉਜਰਤਾਂ ਸਬੰਧੀ ਸੂਚਨਾ ਲਈ ਟੀਚਾ ਮਿਤੀ 15 ਅਪ੍ਰੈਲ 2015 ਦੇ ਲੰਘਣ ਦੇ ਬਾਵਜੂਦ ਜਿਲ੍ਹਾ ਮੋਗਾ, ਫਾਜਿਲਕਾ, ਮੁਕਤਸਰ,

ਬਠਿੰਡਾ, ਤਰਨਤਾਰਨ ਤੇ ਬਰਨਾਲਾ ਦੀ ਸੂਚਨਾ ਪ੍ਰਾਪਤ ਨਾ ਹੋਣ ਤੇ ਇਨ੍ਹਾਂ ਦੇ ਜਿਲ੍ਹਾ ਇੰਚਾਰਜਾਂ ਨੂੰ ਸੂਚਨਾ ਤੁਰੰਤ ਮੁੱਖ ਦਫਤਰ ਭੇਜਣ ਦੀ ਹਦਾਇਤਾਂ ਕੀਤੀ ਗਈ ।

**ਚੇਅਰਮੈਨ ਵਲੋਂ ਹਾਊਸ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਵਿਭਾਗ ਵਲੋਂ ਜਦੋਂ ਵੀ ਕੋਈ ਸਰਵੇ ਕੀਤਾ ਜਾਵੇ ਤਾਂ ਉਸ ਕੰਮ ਦਾ ਮਿਹਨਤਤਾਨਾ RTGS ਰਾਹੀਂ ਟਰਾਂਸਫਰ ਕੀਤਾ ਜਾਵੇ । ਇਸ ਲਈ ਫੀਲਡ ਸਟਾਫ ਤੋਂ ਉਨ੍ਹਾਂ ਦੇ ਅਕਾਊਂਟ ਨੰਬਰ ਤੇ ਸਬੰਧਤ ਵੇਰਵੇ ਸਰਵੇ ਸੁਰੂ ਕਰਵਾਉਣ ਤੋਂ ਪਹਿਲਾਂ ਹੀ ਲੈ ਲਏ ਜਾਣ ਤਾਂ ਕਿ ਅਦਾਇਗੀ ਸਬੰਧੀ ਬਾਦ ਵਿੱਚ ਕੋਈ ਮੁਸਕਲ ਨਾ ਆਵੇ ।**

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

## ਅਨੁੱਲਗ ੳ

## ਮਿਤੀ 27-4-2015 ਨੂੰ ਹੋਈ ਵਿਭਾਗੀ ਰੀਵਿਊ ਮੀਟਿੰਗ ਦੀ ਹਾਜਰੀ ਰਿਪੋਰਟ ।

| ਕ੍ਰਮ ਅੰਕ | ਨਾਮ/ਅਹੁਦਾ/ਦਫਤਰ<br>ਸਰਵ ਸ੍ਰੀ/ਸ੍ਰੀਮਤੀ |
|---|---|
| 1 | ਪਰਮਿੰਦਰ ਸਿੰਘ ਵਾਲੀਆ, ਡਾਇਰੈਕਟਰ |
| 2 | ਤੀਰਥ ਸਿੰਘ, ਡਾਇਰੈਕਟਰ |
| 3 | ਹਰਵਿੰਦਰ ਸਿੰਘ, ਮੀਤ ਡਾਇਰੈਕਟਰ |
| 4 | ਜਗਦੀਪ ਸਿੰਘ, ਮੀਤ ਡਾਇਰੈਕਟਰ |
| 5 | ਕੁਲਦੀਪ ਕੌਰ,ਮੀਤ ਡਾਇਰੈਕਟਰ |
| 6 | ਪਰਮਜੀਤ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਸੰਗਰੂਰ ਤੇ ਬਰਨਾਲਾ |
| 7 | ਰਾਣੀ, ਉਪ ਅਰਥ ਅਤੇ ਅੰਕੜਾ ਸਲਾਹਕਾਰ ਜਲੰਧਰ |
| 8 | ਸੁਖਮਿੰਦਰ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਐਸ.ਏ.ਐਸ. ਨਗਰ |
| 9 | ਦਪਿੰਦਰ ਕੋਰ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਮੁੱਖ ਦਫਤਰ |
| 10 | ਪਰਮਿੰਦਰ ਕੌਰ , ਉਪ ਅਰਥ ਅਤੇ ਅੰਕੜਾ ਸਲਾਹਕਾਰ . ਪਟਿਆਲਾ |
| 11 | ਇਕਬਾਲ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਲੁਧਿਆਣਾ |
| 12 | ਰਾਕੇਸ ਕਾਲੀਆ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਹੁਸਿਆਰਪੁਰ |
| 13 | ਲਖਵਿੰਦਰ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਤਰਨਤਾਰਨ |
| 14 | ਭੁਪਿੰਦਰ ਕੌਰ, ਉਪ ਅਰਥ ਅਤੇ ਅੰਕੜਾ ਸਲਾਹਕਾਰ . ਕਪੂਰਥਲਾ |
| 15 | ਗੁਰਮੀਤ ਸਿੰਘ, ਖੋਜ ਅਫਸਰ, ਮੁੱਖ ਦਫਤਰ |
| 16 | ਹਰਬੰਸ ਸਿੰਘ ,ਖੋਜ ਅਫਸਰ , ਮਾਨਸਾ |
| 17 | ਚੰਚਲ ਬਾਲਾ , ਖੋਜ ਅਫਸਰ, ਮੁੱਖ ਦਫਤਰ |
| 18 | ਚਰਨਜੀਤ ਸਿੰਘ, ਖੋਜ ਅਫਸਰ, ਅੰਮ੍ਰਿਤਸਰ , |
| 19 | ਅਸੋਕ ਕੁਮਾਰ, ਖੋਜ ਅਫਸਰ, ਗੁਰਦਾਸਪੁਰ |
| 20 | ਨਰੇਸ ਕੁਮਾਰ, ਖੋਜ ਅਫਸਰ , ਐਸ.ਬੀ.ਐਸ.ਨਗਰ |
| 21 | ਅਸੋਕ ਚਟਾਨੀ, ਖੋਜ ਅਫਸਰ, ਫਿਰੋਜਪੁਰ ਅਤੇ ਫਾਜਿਲਕਾ |
| 22 | ਮੀਨਾ ਰਾਣੀ , ਖੋਜ ਅਫਸਰ, ਮੁੱਖ ਦਫਤਰ |

| | |
|---|---|
| 23 | ਸਰਬਜੀਤ ਕੌਰ, ਖੋਜ ਅਫਸਰ, ਮੁੱਖ ਦਫਤਰ |
| 24 | ਸੁਰਿੰਦਰ ਕੁਮਾਰ ,ਖੋਜ ਅਫਸਰ, ਲੁਧਿਆਣਾ |
| 25 | ਰਵਿੰਦਰ ਪਾਲ ਦੱਤਾ, ਖੋਜ ਅਫਸਰ, ਪਠਾਨਕੋਟ |
| 26 | ਗੁਰਦੀਪ ਸਿੰਘ, ਜਿਲ੍ਹਾ ਅੰਕੜਾ ਅਫਸਰ, ਪਟਿਆਲਾ |
| 27 | ਹਰਮੇਸ ਕੁਮਾਰ, ਜਿਲ੍ਹਾ ਅੰਕੜਾ ਅਫਸਰ, ਰੋਪੜ |
| 28 | ਲਾਲ ਸਿੰਘ,ਸਹਾਇਕ ਖੋਜ ਅਫਸਰ, ਫਤਿਹਗੜ੍ਹ ਸਾਹਿਬ |
| 29 | ਗੁਰਮਿੰਦਰ ਕੌਰ, ਅੰਕੜਾ ਸਹਾਇਕ, ਮੁੱਖ ਦਫਤਰ |
| 30 | ਬਲਜੀਤ ਸਿੰਘ, ਅੰਕੜਾ ਸਹਾਇਕ, ਬਰਨਾਲਾ |
| 31 | ਰਣਜੀਤ ਸਿੰਘ, ਇਨਵੈਸਟੀਗੇਟਰ , ਮੁਕਤਸਰ |
| 32 | ਸੰਦੀਪ ਕੁਮਾਰ, ਇਨਵੈਸਟੀਗੇਟਰ, ਬਠਿੰਡਾ |
| 33 | ਰਣਜੀਤ ਸਿੰਘ, ਇਨਵੈਸਟੀਗੇਟਰ, ਬਠਿੰਡਾ |

**ਪੰਜਾਬ ਸਰਕਾਰ**

**ਅਰਥ ਅਤੇ ਅੰਕੜਾ ਸੰਗਠਨ, ਪੰਜਾਬ**

**ਐਸ.ਸੀ.ਓ. ਨੰ: 35-36, ਸੈਕਟਰ 17-ਈ,ਚੰਡੀਗੜ੍ਹ**

**ਫੋਨ ਨੰ: 0172-2705437**

ਵੱਲ

ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ,
ਜਿਲ੍ਹਾ ਅੰਕੜਾ ਦਫਤਰ,

---------------------।
ਮੀਮੋ ਨੰ: ਅ.ਅ.ਸ.ਖੋ.ਅ.(ਸੰ)-ਸ-4 -2015/

ਮਿਤੀ ਚੰਡੀਗੜ੍ਹ

**ਵਿਸਾ:- ਮਿਤੀ 27-4-2015 ਨੂੰ ਹੋਈ ਵਿਭਾਗੀ ਰਿਵਿਊ ਮੀਟਿੰਗ ਦੀ ਕਾਰਵਾਈ ।**

ਉਪਰੋਕਤ ਵਿਸੇ ਤੇ ਮਾਨਯੋਗ ਵਧੀਕ ਸੱਕਤਰ, ਯੋਜਨਾਬੰਦੀ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਰਾਜ ਯੋਜਨਾ ਬੋਰਡ ਵਿਖੇ ਮਿਤੀ 27-4-2015 ਨੂੰ ਹੋਈ ਮੀਟਿੰਗ ਦੀ ਕਾਰਵਾਈ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

(ਕੁਲਦੀਪ ਕੌਰ)
ਮੀਤ ਡਾਇਰੈਕਟਰ ।

ਪਿਠਅੰਕਣ ਨੰ: ਅ.ਅ.ਸ.ਖੋ.ਅ.(ਸ)-ਸ-4 -2015/ ਮਿਤੀ

ਉਪਰੋਕਤ ਦਾ ਉਤਾਰਾ ਅਤੇ ਕਾਰਵਾਈ ਦੀ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ :-

1) ਸਮੂਹ ਡਾਇਰੈਕਟਰ

2) ਸਮੂਹ ਮੀਤ ਡਾਇਰੈਕਟਰ

3) ਪੀ.ਏ. ਟੂ ਅ.ਸ (ਸੂਚਨਾ ਹਿੱਤ )।

(ਕੁਲਦੀਪ ਕੌਰ)
ਮੀਤ ਡਾਇਰੈਕਟਰ ।